ਫਾਰਮ ਨੰਬਰ-5

# ਐਕਟ ਅਦਾਇਗੀ ਉਜਰਤ 1936 ਈ: ਖੁਲਾਸਾ

## ਅਤੇ

# ਇਸ ਐਕਟ ਦੇ ਅਧੀਨ ਬਣਾਏ ਗਏ ਨਿਯਮ

1. **ਇਹ ਐਕਟ ਕਿਨ੍ਹਾਂ ਕਿਨ੍ਹਾਂ ਤੇ ਲਾਗੂ ਹੋਵੇਗਾ :-**
ਇਸ ਐਕਟ ਦਾ ਸੰਬੰਧ ਉਨ੍ਹਾਂ ਪੁਰਸ਼ਾਂ ਦੀ ਅਦਾਇਗੀ ਉਜਰਤ ਨਾਲ ਹੈ ਜੋ ਇਸ ਫੈਕਟਰੀ ਵਿਚ ਦੋ ਸੌ ਰੁਪਏ ਮਾਸਿਕ ਤੋਂ ਘੱਟ ਤਨਖਾਹ ਪਾਂਦੇ ਹਨ।

2. ਕੋਈ ਨੌਕਰੀ ਇਸ ਐਕਟ ਦੇ ਅਧੀਨ ਪ੍ਰਾਪਤ ਕੀਤੇ ਹਕਾਂ ਤੋਂ ਕਿਸੇ ਇਕਰਾਰ ਨਾਮੇ ਜਾਂ ਪਰਸਪਰ ਸਮਝੌਤੇ ਰਾਹੀਂ ਦਸਤ ਬਰਦਾਰੀ ਪ੍ਰਾਪਤ ਨਹੀਂ ਕਰ ਸਕਦਾ।

3. **ਉਜਰਤ ਦੀ ਵਿਆਖਿਆ :-**
ਉਜਰਤ ਤੋਂ ਭਾਵ ਉਹ ਸਾਰੀ ਮੁਆਵਜ਼ੇ ਦੀ ਰਕਮ ਹੈ ਜੋ ਇਕ ਨੌਕਰ ਨੂੰ ਉਸ ਦੀ ਨੌਕਰੀ ਦੇ ਇਕਰਾਰ ਨਾਮੇ ਦੀ ਪੂਰਤੀ ਦੇ ਪਿਛੋਂ ਦਿੱਤੀ ਜਾਵੇ ਉਸ ਵਿਚ ਰਕਮ ਬੋਨਸ ਅਤੇ ਉਹ ਰਕਮ ਜੋ ਯੋਗ ਨੋਟਿਸ ਅਲੈਹਦਗੀ ਦੇ ਬਦਲੇ ਦਿੱਤੀ ਜਾਵੇ, ਸਾਮਲ ਹੈ।

**ਹੇਠ ਲਿਖਿਆਂ ਰਕਮਾਂ ਇਸ ਤੋਂ ਵਖਰੀਆਂ ਹਨ :-**

(ੳ) ਉਹ ਰਿਹਾਇਸ਼ੀ ਮਕਾਨ ਦੀ ਰਕਮ-ਰੋਸ਼ਨੀ ਪੁਚਾਉਣ ਦੀ ਰਕਮ, ਪਾਣੀ ਤੇ ਤਿੱਬੀ ਮਦਦ ਜਾਂ ਹੋਰਨਾਂ ਆਰਾਮ ਦੀਆਂ ਰਕਮਾਂ ਅਤੇ ਉਹ ਰਕਮਾਂ ਰਿਆਇਤੀ ਜੋ ਗਵਰਨਰ ਜਰਨਲ ਇਜਲਾਸ ਕੌਂਸਲ ਜਾਂ ਸਥਾਨਕ ਸਰਕਾਰ ਨੇ ਇਸ ਤੋਂ ਵਖਰੀਆਂ ਕਰ ਦਿਤੀਆਂ ਹੋਣ।

(ਅ) ਪਿਨਸ਼ਨ ਅਤੇ ਪ੍ਰਾਵੀਡੰਟ ਫੰਡ ਦੇ ਲਈ ਨੌਕਰਾਂ ਦੀ ਰਕਮ ਚੰਦਾ।

(ੲ) ਰਕਮ ਸਫਰ ਖਰਚ ਜਾਂ ਵਿਸ਼ੇਸ਼ ਰਿਆਇਤ ਵਾਸਤੇ ਰਕਮ ਜਾਂ ਹੋਰਨਾਂ ਖਰਚਿਆਂ ਦੀ ਰਕਮ ਜੋ ਇਸ ਨੌਕਰੀ ਦੀ ਫਰਜ਼ ਅਦਾਇਗੀ ਦੇ ਸਿਲਸਿਲੇ ਵਿਚ ਖ਼ਰਚ ਆਏ।

(ਸ) ਮੁਆਵਜੇ ਦੀ ਰਕਮ ਜੋ ਵੇਲੇ ਸਿਰ ਵਖਰੀ ਉਲ ਅਦਾ ਹੋਵੇ।

4. **ਤਰੀਕਾ ਅਤੇ ਅਦਾਇਗੀ ਦੀ ਜ਼ਿੰਮੇਵਾਰੀ :-**
ਫੈਕਟਰੀ ਦਾ ਮੈਨੇਜਰ ਇਸ ਐਕਟ ਦੇ ਅਧੀਨ ਜ਼ਿਲੇਵਾਰ ਹੋਵੇਗਾ ਕਿ ਜੋ ਪੁਰਸ਼ ਉਸ ਨੇ ਨੌਕਰ ਰਖੇ ਹੋਣ ਉਨ੍ਹਾਂ ਨੂੰ ਉਨ੍ਹਾਂ ਦੀ ਰਕਮ ਉਜਰਤ ਅਦਾ ਕਰੇ ਅਤੇ ਉਹ ਹਰ ਠੇਕੇਦਾਰ ਜੋ ਆਪਣੇ ਕੰਮ ਲਈ ਨੌਕਰ ਰਖੇ ਉਨ੍ਹਾਂ ਨੂੰ ਉਜਰਤ ਦੀ ਰਕਮ ਦੇਣ ਦਾ ਜ਼ਿਮੇਵਾਰ ਹੋਵੇਗਾ।

5. ਉਜਰਤ ਦੀ ਅਦਾਇਗੀ ਦੀ ਮਿਆਦ ਮੁਕਰੱਰ ਕਰਨੀ ਹੋਵੇਗੀ ਅਤੇ ਇਕ ਮਹੀਨੇ ਤੋਂ ਵਧ ਮੁਦਤ ਦੀ ਮਿਆਦ ਮੁਕੱਰਰ ਨਹੀਂ ਕੀਤੀ ਜਾਵੇਗੀ।

6. ਉਜਰਤ ਦੀ ਰਕਮ ਦੀ ਮਿਆਦ ਮੁਕਰੱਰ ਕਰਨ ਪਿਛੋਂ ਸ਼ੁਰੂ ਸਤ ਦਿਨਾਂ ਦੇ ਅੰਦਰ ਕੰਮ ਕਰਨ ਦੇ ਕਿਸੇ ਇਕ ਦਿਨ ਦੇ ਦੌਰਾਨ ਵਿਚ ਅਦਾ ਕਰਨੀ ਹੋਵੇਗੀ ਅਤੇ ਇਕ ਹਜ਼ਾਰ ਜਾਂ ਉਸ ਤੋਂ ਅਧਿਕ ਨੌਕਰਾਂ ਦੀ ਗਿਣਤੀ ਦੀ ਸ਼ਕਲ ਵਿੱਚ ਇਹ ਰਕਮ ਦਸ ਦਿਨ ਦੇ ਅੰਦਰ ਅਦਾ ਦੇਣੀ ਹੋਵੇਗੀ। ਹਟਾਏ ਹੋਏ ਨੌਕਰ ਨੂੰ ਉਸ ਦੀ ਉਜਰਤ ਦੀ ਰਕਮ ਅਲੈਹਦਗੀ ਦੇ ਦੂਜੇ ਦਿਨ ਪਿਛੋਂ ਹੀ ਅਦਾ ਕਰਨੀ ਹੋਵੇਗੀ। ਇਸ ਤੋਂ ਵਧੇਰੀ ਦੇਰ ਨਹੀਂ ਲਗਾਉਣੀ ਚਾਹੀਦੀ।

7. ਉਜਰਤ ਦੀ ਅਦਾਇਗੀ ਜਿਨਸ ਦੇ ਰੂਪ ਵਿੱਚ ਮਨਾਹ ਹੈ।

ਕਟੌਤੀ ਸਾਮਾਨ ਗੁਆਚੇ ਜਾਂ ਨੁਕਸਾਨ ਹੋਏ ਦੀ ਰਕਮ ਕੀਮਤ ਤੋਂ ਕਿਸੇ ਹਾਲਤ ਵਿਚ ਵਧ ਨਹੀਂ ਹੋ ਸਕਦੀ ਅਤੇ ਕੇਵਲ ਉਸ ਵਿੱਚ ਹੋ ਸਕਦੀ ਹੈ ਕਿ ਨੌਕਰ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਕਾਫੀ ਸਮਾਂ ਦਿੱਤਾ ਗਿਆ ਹੋਵੇ।

12. ਰਿਹਇਸ਼ੀ ਮਕਾਨ ਤੇ ਹੋਰ ਰਿਆਇਤਾਂ ਤੇਹ ਮਦਦਾਂ (ਸਿਵਾਏ ਸੰਦਾ ਤੇ ਕਚੀਆਂ ਜਿਨਸਾਂ ਪ੍ਰਚਾਨ) ਦੇ ਬਦਲੇ ਵਿਚ ਮਾਲਕ ਜਾਂ ਮੈਨੇਜਰ ਕਾਰਖਾਨਾ ਕਟੌਤੀਆਂ ਕਰ ਸਕਦਾ ਹੈ ਪਰ ਕਰਮ ਕਟੌਤੀ ਇਨ੍ਹਾਂ ਚੀਜ਼ਾਂ ਦੇ ਆਮ ਭਾਵਾਂ ਅਤੇ ਮੂਲ ਦੇ ਬਰਾਬਰ ਹੋਣੀ ਚਾਹੀਦੀ ਹੈ ਅਤੇ ਨੌਕਰੀ ਦੀ ਸ਼ਰਤ ਵਿੱਚ ਇਹ ਵਲੋਂ ਮਨਜ਼ੂਰ ਕੀਤੀ ਹੋਣੀ ਚਾਹੀਦੀ ਹੈ ਅਤੇ ਰਿਆਇਤਾਂ ਤੇ ਮਦਦਾਂ ਦੇ ਰੂਪ ਵਿੱਚ ਗੌਰਮਿੰਟ ਵਲੋਂ ਭੀ ਇਸ ਦੀ ਪ੍ਰਵਾਨਗੀ ਦੇਹ ਹੁਕਮ ਪ੍ਰਾਪਤ ਕਰ ਲੈਣੇ ਹੋਣਗੇ।

13. (ੳ) ਪੇਸ਼ਗੀ ਦਿੱਤੀ ਹੋਈ ਰਕਮ ਅਤੇ ਵਾਧੂ ਦਿੱਤੀ ਗਈ ਉਜਰਤ ਦੀ ਪ੍ਰਾਪਤੀ ਦੇ ਲਈ ਕਟੌਤੀ ਅਮਲ ਵਿਚ ਲਿਆਂਦੀ ਜਾ ਸਕਦੀ ਹੈ।

(ਅ) ਅਜੇਹੀਆਂ ਰਕਮਾਂ ਪੇਸ਼ਗੀ ਜੋ ਨੌਕਰੀ ਸ਼ੁਰੂ ਹੋਣ ਤੋਂ ਪਹਿਲਾਂ ਦਿਤੀ ਗਈ ਹੋਵੇ। ਇਸ ਹਾਲਤ ਵਿੱਚ ਵਾਪਸ ਲਈ ਜਾ ਸਕਦੀ ਹੈ ਜਦੋਂ ਨੌਕਰੀ ਦੀ ਮੁਦਤ ਦੇ ਪਹਿਲੇ ਵਕਫੇ ਦੀ ਰਕਮ ਉਜਰਤ ਪੂਰੀ ਅਦਾ ਕੀਤੀ ਜਾ ਚੁਕੀ ਹੋਵੇ। ਰਕਮ ਸ਼ਫਰ ਖਰਚ ਜੋ ਨੌਕਰੀ ਆਰੰਭ ਹੋਣ ਤੋਂ ਪਹਿਲਾਂ ਅਦਾ ਕੀਤੀ ਗਈ ਹੋਵੇ ਵਾਪਸ ਨਹੀਂ ਲਈ ਜਾ ਸਕਦੀ ਹੈ।

(ੲ) ਨੌਕਰੀ ਦੇ ਦੌਰਾਨ ਅਜੇਹੀਆਂ ਰਕਮਾਂ ਜੋ ਨੌਕਰ ਦਾ ਉਪਜ ਨਹੀਂ ਉਸ ਦਾ ਰਕਮ ਉਜਰਤ ਵਿਚੋਂ ਮਾਲਕ ਜਾਂ ਮੈਨੇਜਰ ਕਾਰਖਾਨਾ ਦੀ ਮਰਜ਼ੀ ਦੇ ਅਨੁਸਾਰ ਕਟੀ ਜਾ ਸਕਦੀ ਹੈ ਪਰ ਇਨਸਪੈਕਟਰ ਸਾਹਿਬ ਦੀ ਮਨਜ਼ੂਰੀ ਤੋਂ ਬਿਨਾਂ ਦੋ ਮਹੀਨੇ ਦੀ ਰਕਮ ਉਜਰਤ ਤੋਂ ਦਧ ਰਕਮ ਨਹੀਂ ਵਸੂਲ ਕੀਤੀ ਜਾ ਸਕਦੀ ਰਕਮ ਦੀ ਵਸੂਲੀ ਕਿਸ਼ਤਾਂ ਵਿਚ ਹੋ ਸਕਦੀ ਹੈ, ਪਰ ਇਨ੍ਹਾਂ ਕਿਸ਼ਤਾਂ ਵਾਸਤੇ ਬਾਰਾਂ ਮਹੀਨੇ ਦੀ ਮੁਦਤ ਤੋਂ ਅਧਿਕ ਮੁਦਦ ਮੁਕਰਰ ਨਹੀਂ ਕੀਤੀ ਜਾ ਸਕਦੀ ਅਤੇ ਰਕਮ ਉਜਰਤ ਤੋਂ ਵਧ ਨਹੀਂ ਹੋ ਸਕਦੀ ਅਤੇ ਜੇ ਰਕਮ ਉਜਰਤ 20 ਰੁਪਏ ਤੋਂ ਵਧ ਨਾ ਹੋਵੇ ਤਾਂ ਉਸ ਦੀ ਇਕ ਚੁਬਾਈ ਹੋਣੀ ਚਾਹੀਦੀ ਹੈ।

14. ਕਿਸੇ ਪ੍ਰਵਾਨ ਹੋਏ ਪ੍ਰਾਵੀਡੰਟ ਫੰਡ ਦੇ ਲਈ ਰਕਮ ਚੰਦਾ ਜਾਂ ਰਕਮ ਪ੍ਰਾਵੀਡੰਟ ਫੰਡ ਵਿਚੋਂ ਵਾਪਸ ਲਈ ਗਈ ਰਕਮ ਦੀ ਵਸੂਲੀ ਦੇ ਲਈ ਕਟੌਤੀ ਅਮਲ ਵਿਚ ਲਿਆਂਦੀ ਜਾ ਸਕਦੀ ਹੈ।

15. ਗੌਰਮੈਂਟ ਦੀਆਂ ਪ੍ਰਵਾਨ ਹੋਈਆਂ ਕੋਆਪਰੇਟਿਵ ਸੋਸਾਇਟੀਆਂ ਵਿਚ ਭਾਗ ਲੈਣ ਲਈ ਰਕਮ ਉਜਰਤ ਵਿੱਚੋਂ ਚੰਦੇ ਦੀ ਰਕਮ ਕੱਟੀ ਜਾਂ ਸਕਦੀ ਹੈ ਜਾਂ ਕਾਰਖਾਨੇ ਦੀ ਬੀਮਾ ਕਰਨ ਵਾਲੀ ਸ਼ਾਖ ਵਿਚ ਰਕਮ ਦੇਣ ਲਈ ਜਦੋਂ ਕਿ ਸਥਾਨਕ ਸਰਕਾਰ ਦੀਆਂ ਸ਼ਰਤਾਂ ਮੁਖ ਰਖੀਆਂ ਹੋਣ।

16. **ਪਰੀਖਣ :-**
ਇਨਸਪੈਕਟਰ ਸਾਹਿਬ ਐਕਟ ਦੇ ਮਨਸ਼ਾ ਦੀ ਪੂਰਤੀ ਲਈ ਪਰੀਖਣ ਹਿਤ ਹਰ ਕਾਰਖਾਨੇ ਵਿਚ ਦਾਖਲ ਹੋ ਸਕਦੇ ਹਨ ਅਤੇ ਆਪਣੇ ਅਧਿਕਾਰ ਪ੍ਰੀਖਣ ਨੂੰ ਅਮਲ ਵਿਚ ਲਿਆ ਸਕਦੇ ਹਨ (ਜਿਨ੍ਹਾਂ ਵਿਚ ਦਸਤਾਵੇਜ਼ਾਂ ਤੇ ਹੋਰ ਕਾਗਜ਼ਾਂ ਦੀ ਜਾਂਚ ਪੜਤਾਲ ਅਤੇ ਬਿਆਨ ਗਵਾਹੀ ਆਦਿ ਦਾ ਕਲਮ ਬੰਦ ਕਰਨਾ ਸ਼ਾਮਲ ਹੈ।)

ਕਟੌਤੀ ਨਹੀਂ ਹੋਵੇਗੀ.....................ਦੇਖੋ ਫਿਦਰੇ 9-15 ਹੇਠਾਂ ਕਰਜ ਹਨ :-

9. (1) ਰਕਮ ਜੁਰਮਾਨਾ ਕੇਵਲ ਉਨ੍ਹਾਂ ਕੰਮਾਂ ਦੇ ਕਾਰਨ ਦੇਣੀ ਹੋਵੇਗੀ। ਜਿਨ੍ਹਾਂ ਲਈ ਮਾਲਕ, ਮੈਨੇਜਰ ਫੈਕਟਰੀ ਨੇ ਚੀਫ ਇਨਸਪੈਕਟਰ ਫੈਕਟਰੀ ਤੋਂ ਪਹਿਲਾਂ ਹੀ ਪਰਵਾਨਗੀ ਪ੍ਰਾਪਤ ਕੀਤੀ ਹੋਈ ਹੋਵੇ ਅਤੇ ਇਸ ਪ੍ਰਕਾਰ ਦੇ ਜੁਰਮਾਨਿਆਂ ਦਾ ਨੋਟਿਸ ਦਿੱਤਾ ਜਾਵੇਗਾ ਅਤੇ ਇਸ ਨੋਟਿਸ ਦੀ ਨਕਲ ਫੈਕਟਰੀ ਦੇ ਵੱਡੇ ਬੂਹੇ ਜਾਂ ਉਸ ਦੇ ਆਲੇ ਦੁਆਲੇ ਲਗਾ ਦੇਣੀ ਹੋਵੇਗੀ ਅਤੇ ਨੌਕਰ ਨੂੰ ਇਕ ਵਾਰ ਅਪਣੇ ਮਾਮਲੇ ਵਿੱਚ ਸਫਾਈ ਪੇਸ਼ ਕਰਨ ਦਾ ਸਮਾਂ ਦੇਣਾ ਹੋਵੇਗਾ।

(2) ਜੁਰਮਾਨੇ (ੳ) ਰਕਮ ਜੁਰਮਾਨਾ ਦੋ ਪੈਸੇ ਪ੍ਰਤੀ ਰੁਪਏ ਤੋਂ ਵਧ ਨਾ ਹੋਵੇਗਾ।

(ਅ) ਇਸ ਰਕਮ ਦੀ ਵਸੂਲੀ ਕਿਸ਼ਤਾਂ ਵਿੱਚ ਨਹੀਂ ਹੋਵੇਗੀ ਅਤੇ ਜੁਰਮਾਨੇ ਦੀ ਤਰੀਕ ਤੋਂ ਸੱਠ ਦਿਨ ਦੇ ਪਿਛੋਂ ਇਹ ਰਕਮ ਵਸੂਲਯਾਬੀ ਦੇ ਯੋਗ ਰਕਮ ਨਹੀਂ ਰਹੇਗੀ।

(ੲ) ਇਸ ਰਕਮ ਦਾ ਇੰਚਾਰਜ ਇਕ ਰਜਿਸਟਰ ਵਿੱਚ ਹੋਇਆ ਕਰੇਗਾ ਅਤੇ ਅਜਿਹੇ ਖਰਚਿਆਂ ਵਿਚੋਂ ਇਹ ਰਕਮ ਖਰਕ ਕੀਤੀ ਜਾਇਆ ਕਰੇਗੀ ਜੋ ਫੈਕਟਰੀਆਂ ਦੇ ਚੀਫ ਇਨਸਪੈਕਟਰ ਦੀ ਮਨਜੂਰੀ ਤੋਂ ਨੌਕਰਾਂ ਦੇ ਲਾਭ ਹਿਤ ਖਰਚ ਕਰਾਰ ਦਿਤੇ ਜਾਣਗੇ।

(ਸ) ਕਿਸੇ ਬੱਚੇ ਤੇ ਜੁਰਮਾਨਾ ਨਹੀਂ ਹੋ ਸਕੇਗਾ।

10. (ੳ) ਰਕਮ ਕਟੌਤੀ ਕੰਮ ਤੋਂ ਗੈਰ ਹਾਜ਼ਰ ਹੋਣ ਦੇਹ ਕਾਰਨ ਕੀਤੀ ਜਾਵੇਗੀ ਅਤੇ ਕੇਵਲ ਉਤਨੇ ਸਮੇਂ ਦੀ ਰਕਮ ਉਜਰਤ ਕਟੀ ਜਾਵੇਗੀ, ਜਿੰਨੇ ਸਮੇਂ ਲਈ ਮੁਲਾਜ਼ਮਤ ਕਰਨ ਦੇ ਸਮੇਂ ਵਿਚ ਗੈਰ ਹਾਜ਼ਰ ਹੋਇਆ ਹੈ ਅਤੇ ਇਹ ਰਕਮ ਕਿਸੇ ਹਾਲ ਵਿਚ ਵੀ ਇਸ ਕਰਮ ਤੋਂ ਵਧ ਨਹੀਂ ਹੋਣੀ ਚਾਹੀਦੀ ਇਸ ਦਾ ਅਨੁਪਾਤ ਅਤੇ ਰਕਮ ਉਜਰਤ ਮਦਰਰ ਕੀਤੇ ਤੋਂ ਉਤਨਾ ਹੀ ਹੈ ਜਿਤਨਾ ਗੈਰਹਾਜਰੀ ਦੇ ਵੇਲੇ ਦਾ ਕੰਮ ਕਰਨ ਦੇ ਪੂਰੇ ਵੇਲੇ ਤੋਂ ਹੈ।

(ਅ) ਜੇ ਦਸ ਜਾਂ ਦਸ ਤੋਂ ਅਧਿਕ ਇਕੱਠਾ ਕੰਮ ਕਰਨ ਵਾਲੇ ਨੌਕਰ ਬਿਨਾ ਕਾਰਨ ਯੋਗ ਨੋਟਸ ਦਿਤੇ ਬਿਨਾ ਕੰਮ ਤੋਂ ਗੈਰ ਹਾਜਰ ਹੋ ਜਾਣ ਤਾਂ ਇਸ ਗੈਰ ਹਾਜਰੀ ਦੀ ਰਕਮ ਕਟੌਤੀ ਅਠ ਦਿਨ ਦੀ ਉਜਰਤ ਤੇ ਸ਼ਾਮਲ ਹੋ ਸਕਦੀ ਹੈ ਚੂੰਕਿ ਯੋਗ ਸੂਚਨਾ ਨਹੀਂ ਦਿੱਤੀ ਗਈ। ਪਰ :-

1. ਪੰਦਰਾਂ ਸਾਲ ਦੀ ਉਮਰ ਤੋਂ ਘਟ ਉਮਰ ਵਾਲੇ ਮਰਦ ਅਤੇ ਹਰ ਉਮਰ ਵਾਲੀ ਔਰਤ ਤੋਂ ਇਕਰਾਰ ਨਾਲੇ ਦੀ ਵ੍ਰਿਧਤਾ ਦੀ ਸ਼ਕਲ ਵਿਚ ਕੋਈ ਕਟੌਤੀ ਅਮਲ ਵਿਚ ਨਹੀਂ ਆਵੇਗੀ।

2. ਇਕਰਾਰ ਨਾਮੇ ਦੀ ਸ਼ਰਤ ਜੋ ਲਿਖਤੀ ਹੋਵੇਗੀ ਇਕ ਸ਼ਰਤ ਇਹ ਜ਼ਰੂਰੀ ਹੋਣੀ ਚਾਹੀਦੀ ਹੈ ਕੰਮ ਛਡ ਦੇਣ ਦੀ ਸੂਚਨਾ ਮਾਲਕ ਜਾਂ ਮੈਨੇਜਰ ਕਾਰਖਾਨੇ ਨੂੰ ਅਜਿਹਾ ਇਰਾਦਾ ਕਰਨ ਤੋਂ 15 ਦਿਨ ਪਹਿਲਾਂ ਦੇਣੀ ਹੋਵੇਗੀ ਅਤੇ ਇਹ ਭੀ ਫੈਸਲਾ ਕਰ ਲੈਣਾਂ ਹੋਵੇਗਾ ਕਿ ਮਾਲਕ ਜਾਂ ਮੈਨੇਜਰ ਕਾਰਖਾਨਾ ਨੂੰ ਕੰਮ ਤੋਂ ਵਖ ਕਰਨ ਦੀ ਸੂਚਨਾ ਕਿੰਨੇ ਦਿਨ ਪਹਿਲਾਂ ਦੇਣੀ ਹੋਵੇਗੀ, ਇਹ ਸ਼ਰਤ ਇਕਰਾਰ ਨਾਮੇ ਦੇ ਰੂਪ ਵਿਚ ਮਾਲਕ ਜਾਂ ਮੈਨੇਜਰ ਨੂੰ ਲਿਖਤੀ ਦੇ ਦਿਤੀ ਜਾਵੇਗੀ ਅਤੇ ਇਹ ਵੀ ਫੈਸਲਾ ਕਰ ਲੈਣਾ ਹੋਵੇਗਾ ਕਿ ਅਜਿਹਾ ਨੋਟਸ ਨਾ ਦੇਣ ਦੀ ਸ਼ਕਲ ਵਿਚ ਉਜਰਤ ਕਟੀ ਜਾ ਸਕਦੀ ਹੈ।

3. ਜਿਨ੍ਹਾਂ ਲਿਖੀਆਂ ਸ਼ਰਤਾਂ ਦਾ ਉਪਰ ਵਰਨਣ ਕੀਤਾ ਗਿਆ ਹੈ ਉਹ ਇਕ ਨੋਟਸ ਦੇ ਰੂਪ ਵਿਚ ਕਾਰਖਾਨੇ ਦੇ ਬੂਹੇ ਤੇ ਜਾਂ ਉਸ ਦੇ ਆਲੇ ਦੁਆਲੇ ਲਟਕੀਆਂ ਹੋਈਆਂ ਹੋਣੀਆਂ ਚਾਹੀਦੀਆਂ ਹਨ।

4. ਇਸ ਤਰ੍ਹਾਂ ਦੀ ਕੋਈ ਕਟੌਤੀ ਨਹੀਂ ਕਟੀ ਜਾ ਸਕਦੀ ਉਥੋਂ ਤਕ ਅਜਿਹਾ ਨੋਟਿਸ ਜਿਸ ਵਿਚ ਇਸ ਦਾ ਵਰਨਣ ਕੀਤਾ ਗਿਆ ਹੋਵੇ। ਫੈਕਟਰੀ ਦੇ ਵਡੇ ਦਰਵਾਜੇ ਤੇ ਜਾਂ ਇਸ ਦੇ ਆਲੇ ਦੁਆਲੇ ਲਟਕਾਇਆ ਨਾ ਹੋਵੇ।

5. ਕਿਸੇ ਕਟੌਤੀ ਦੀ ਰਕਮ ਨੌਕਰ ਦੀ ਇਸ ਰਕਮ ਉਜਰਤ ਤੋਂ ਅਧਿਕ ਨਹੀਂ ਹੋ ਸਕਦੀ ਜੋ ਇਸ ਨੋਟਿਸ ਦੇ ਦਿਨਾਂ ਦੀ ਉਜਰਤ ਤੋਂ ਘਟ ਹੋਵੇ। ਜਿੰਨੇ ਦਿਨਾਂ ਦਾ ਨੋਟਿਸ ਇਸ ਅਹਿਦ ਨਾਮੇ ਦੀ ਰੂ ਨਾਲ ਦੇਣਾ ਮਕਰਰ ਕੀਤਾ ਹੋਵੇ।

11. ਇਸ ਸਾਮਾਨ ਦੀ ਜੋ ਨੌਕਰ ਦੇ ਖਾਸ ਹਵਾਲੇ ਕੀਤਾ ਗਿਆ ਹੋਵੇ ਨੁਕਸਾਨ ਪੁਚਾਣ ਜਾਂ ਨਾਸ਼ ਕਰਨ ਜਾਂ ਇਸ ਰਕਮ ਨੂੰ ਜੋ ਉਸ ਦੇ ਹਵਾਲੇ ਕੀਤੀ ਹੋਵੇ ਅਤੇ ਜਿਸ ਦੇ ਹਿਸੇ ਦਾ ਉਹ ਜਿਮੇਵਾਰ ਹੋਵੇ, ਨੁਕਸਾਨ ਪੁਚਾਣ ਜਾਂ ਨਾਸ਼ ਕਰਨਮ ਦੇ ਬਦਲੇ ਉਸ ਦੀ ਰਕਮ ਉਜਰਤ ਵਿਚ ਕੱਟ ਹੋ ਸਕਦੀ ਹੈ। ਇਸ ਪ੍ਰਕਾਰ ਦੀ ਰਕਮ ਕੀਤੇ ਹੋਏ ਫ਼ਾਰਮ ਤੇ ਉਸ ਅਧਿਕਾਰੀ ਅਫਸਰ ਦੀ ਸੇਵਾ ਵਿਚ ਪੇਸ਼ ਕਰ ਸਕਦਾ ਹੈ। ਜਿਸ ਨੂੰ ਸਥਾਨਕ ਹਕੂਮਤ ਨੇ ਇਸ ਕੰਮ ਲਈ ਮੁਕਰਰ ਕੀਤਾ ਹੈ ਮਿਆਦ ਤੋਂ ਬਾਹਰੀ ਦਰਖਾਸਤ ਰਦ ਕੀਤੀ ਜਾ ਸਕਦੀ ਹੈ ਜਦੋਂ ਤਕ ਦੇਰੀ ਪੂਰਾ ਪੂਰਾ ਕਾਰਨ ਨਾ ਪੇਸ਼ ਕੀਤਾ ਜਾਵੇ।

(2) ਹਰ ਇਕ ਵਕੀਲ ਕਿਸੇ ਰਜਿਸਟਰ ਹੋਏ ਤਜਾਰਤੀ ਯੂਨੀਅਨ ਦਾ ਅਹਿਲਕਾਰ ਜਾਂ ਇਸ ਐਕਟ ਦੇ ਅਧੀਨ ਮੁਕਰਰ ਕੀਤੇ ਹੋਏ ਇਨਸਪੈਕਟਰ ਜਾਂ ਹਰ ਉਹ ਪੁਰਸ਼ ਜਿਸ ਦੇ ਅਧਿਕਾਰੀ ਅਫਸਰ ਪਾਸੋਂ ਇਸ ਗੱਲ ਦੀ ਆਗਿਆ ਲੈ ਲਈ ਹੋਵੇ ਹਰ ਨੋਕਰ ਵਲੋਂ ਇਸ ਪ੍ਰਕਾਰ ਦੀ ਦਰਖਾਸਤ ਪੇਸ਼ ਕਰ ਸਕਦਾ ਹੈ।

(3) ਇਕ ਹੀ ਦਰਖਾਸਤ ਇਕ ਹੀ ਫੈਕਟਰੀ ਦੇ ਬਹੁਤ ਸਾਰੇ ਨੌਕਰ ਆਪ ਪੇਸ਼ ਕਰ ਸਕਦੇ ਹਨ ਜਾਂ ਉਨ੍ਹਾਂ ਵਲੋਂ ਪੇਸ਼ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੀ ਉਜਰਤ ਦੀ ਅਦਾਇਗੀ ਵਿਚ ਦੇ ਹੋਈ ਹੋਵੇ।

## 18. ਅਧਿਕਾਰੀ ਅਫ਼ਸਰ ਦੀ ਕਾਰਵਾਈ :-

ਅਧਿਕਾਰੀ ਅਫਸਰ ਰੋਕੀ ਗਈ ਰਕਮ ਉਜ਼ਰਤ ਅਦਾਇਗੀ ਦੇ ਅਯੋਗ ਰਕਮ ਕਟੌਤੀ ਦੀ ਵਾਪਸੀ ਦੇ ਹੁਕਮ ਤੋਂ ਛੁਟ ਨੌਕਰ ਨੂੰ ਨੁਕਸਾਨ ਦੇ ਮੁਆਵਜੇ ਦੀ ਰਕਮ ਦਿਵਾਉਣ ਦੇ ਹੁਕਮ ਜਾਰੀ ਕਰ ਸਕਦਾ ਹੈ।

ਜੇ ਕਰਖਾਸਤ ਬਦਨੀਅਤ ਅਤੇ ਨੁਕਸਾਨ ਪੁਚਾਣ ਦੇ ਆਧਾਰ ਹੇਠ ਦਿੱਤੀ ਗਈ ਜਾਂ ਅਫਸਰ ਅਧਿਕਾਰੀ ਨੂੰ ਅਖਤਿਆਰ ਹੋਵੇਗਾ ਕਿ ਕਰਖਾਸਤ ਦੇਣ ਵਾਲੇ ਨੂੰ 50 ਰੁਪਏ ਤਕ ਜੁਰਮਾਨੇ ਦੀ ਸਜ਼ਾ ਦੇਵੇਗੀ ਤੇ ਰਕਮ ਜੁਰਮਾਨਾ ਮਾਲਕ ਜਾਂ ਮੈਨੇਜਰ ਕਾਰਖਾਨੇ ਨੂੰ ਦਿਤੇ ਜਾਣ ਦਾ ਹੁਕਮ ਜਾਰੀ ਕਰੇ।

## 19. ਅਫਸਰ ਅਧਿਕਾਰੀ ਦੇ ਫੈਸਲੇ ਦੇ ਵਿਰੁਧ ਅਪੀਲ :-

ਪ੍ਰਵਾਨ ਕੀਤੇ ਫਾਰਮ ਤੇ ਅਫਸਰ ਅਧਿਕਾਰੀ ਦੇ ਫੈਸਲੇ ਵਿਰੁਧ ੩੦ ਦਿਨ ਦੀ ਮਿਆਦ ਦੇ ਅੰਦਰ ਅੰਦਰ ਅਦਾਲਤ ਜਿਲ੍ਹੇ ਵਿਚ ਅਪੀਲ ਦਾਇਰ ਕੀਤੀ ਜਾ ਸਕਦੀ ਹੈ।

(ੳ) ਇਹ ਅਪੀਲ ਪੇ ਮਾਸਟਰ ਵਲੋਂ ਉਸ ਸਮੇਂ ਦਾਇਰ ਹੋਵੇਗੀ ਜਦੋਂ ਉਹ ਰਕਮ ਜਿਸ ਦੇ ਦੇਣ ਦਾ ਹੁਕਮ ਦਿਤਾ ਗਿਆ ਹੈ 300 ਰੁਪਏ ਤੋਂ ਵਧ ਨਾ ਹੋਵੇ।

(ਅ) ਇਹ ਅਪੀਲ ਨੌਕਰ ਵਲੋਂ ਉਸ ਵੇਲੇ ਦਾਇਰ ਹੋਵੇਗੀ ਜਦੋਂ ਉਹ ਰਕਮ ਉਜਰਤ ਜੋ ਉਸ ਨੂੰ ਜਾਂ ਉਸ ਦੇ ਕੰਮ ਕਰਨ ਵਾਲੇ ਸਾਥੀਆਂ ਨੂੰ ਅਦਾ ਨਹੀਂ ਕੀਤੀ ਗਈ 50 ਰੁਪਏ ਤੋਂ ਵਧ ਹੋਵੇ।

(ੲ) ਉਸ ਪੁਰਸ ਵਲੋਂ ਭੀ ਅਪੀਲ ਦਾਇਰ ਕੀਤੀ ਜਾ ਸਕਦੀ ਹੈ ਜਿਸ ਨੂੰ ਬਦ-ਨੀਅਤੀ ਜਾਂ ਨੁਕਸਾਨ ਪੁਚਾਉਣ ਦੀ ਬਿਨਾ ਤੇ ਦਰਖਾਸਤ ਦੇਣ ਦੇ ਜੁਰਮ ਵਿਚ ਤਵਾਨ ਭਰਨ ਦਾ ਹੁਕਮ ਦਿੱਤਾ ਗਿਆ ਹੋਵੇ।

## 20. ਐਕਟ ਦੇ ਹੁਕਮਾਂ ਦੀ ਵਿਰੋਧਤਾ ਵਿਚ ਜੁਰਮ ਦੀਆਂ ਸਜ਼ਾਵਾਂ :-

ਹਰ ਉਸ ਪੁਰਸ਼ ਜੋ ਰਕਮ ਉਜਰਤ ਮੁਕਰਰ ਕੀਤੀ ਹੋਈ ਤਾਰੀਖ ਦਹ ਪਿਛੋਂ ਦਿੰਦਾ ਹੈ ਜਾਂ ਰਕਮ ਉਜਰਤ ਵਿਚ ਨਾਵਾਜਬ ਕਟੌਤੀਆਂ ਕਰਦਾ ਹੈ। ਪੰਜ ਸੌ ਰੁਪਿਆ ਜੁਰਮਾਨੇ ਦੀ ਸਜਾ ਦਾ ਅਧਿਕਾਰੀ ਹੈ ਪਰ ਕੇਵਲ ਉਸ ਸੂਰਤ ਵਿਚ ਜਦੋਂ ਕਿ ਅਫਸਰ ਅਧਿਕਾਰੀ ਜਾਂ ਅਦਾਲਤ ਅਪੀਲ ਦੀ ਮਨਜੂਰੀ ਇਸ ਦੇ ਵਿਰੁਧ ਮੁਕਦਮੇ ਚਲਾਉਣ ਦੀ ਹਾਸਲ ਕਰ ਲਈ ਗਈ ਹੋਵੇ।

## 21. ਉਹ ਪੇ ਮਾਸਟਰ ਜੋ :-

(1) ਰਕਮ ਉਜਰਤ ਦੀ ਅਦਾਇਗੀ ਲਈ ਮਿਆਦ ਮੁਕਰਰ ਨਹੀਂ ਕਰਦਾ।

(2) ਉਜਰਤ ਦੀ ਅਦਾਇਗੀ ਨਕਦੀ ਦੀ ਥਾਂ ਜਿਨਸ ਦੁਆਰਾ ਕਰਦਾ ਹੈ।

(3) ਫੈਕਟਰੀ ਦੇ ਵੱਡੇ ਦਰਵਾਜੇ ਤੇ ਜਾਂ ਉਸ ਦੇ ਆਲੇ ਦੁਆਲੇ ਇਸ ਖੁਲਾਸੇ ਦੀ ਨਕਲ ਅੰਗਰੇਜੀ ਜ਼ਬਾਨ ਵਿਚ ਜਾਂ ਉਸ ਜ਼ਬਾਨ ਵਿਚ ਜੋ ਉਸ ਫੈਕਟਰੀ ਦੇ ਨੌਕਰਾਂ ਦੀ ਜ਼ਬਾਨ ਹੈ, ਲਟਕਾਂਦਾ ਨਹੀਂ।

(4) ਇਨ੍ਹਾਂ ਕਾਇਦਿਆਂ ਵਿਚੋਂ ਜੋ ਇਸ ਐਕਟ ਦੇ ਅਧੀਨ ਬਣਾਏ ਗਏ ਹਨ ਕਿਸੇ ਕਾਇਦੇ ਦੀ ਵਿਰੋਧਤਾ ਕਰਦਾ ਹੈ ਜੁਰਮਾਨੇ ਦਾ ਹੱਕਦਾਰ ਹੋਵੇਗਾ। ਜਿਸ ਦੀ ਰਕਮ ਦੋ ਸੌ ਤੋਂ ਅਧਿਕ ਨਹੀਂ ਹੋਵੇਗੀ। ਇਸ ਕਿਸਮ ਦੀ ਸ਼ਕਾਇਤ ਇਨਸਪੈਕਟਰ ਸਾਹਿਬ ਕਰ ਸਕਦੇ ਹਨ ਜਾਂ ਉਨ੍ਹਾਂ ਦੀ ਪ੍ਰਵਾਨਗੀ ਨਾਲ ਕੀਤੀ ਜਾ ਸਕਦੀ ਹੈ।

*Forms Can be Had From :*

**KRISHNA TRADERS**, S.C.F. 3, SECTOR 19-D, CHD. Phones : 2774849, 2724850, 5061901

Genuine Products at Wholesale Rate Forms & Registers for every Trade & Industry, Central Excise, PF, ESI, Income Tax